ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ......................
Date ......................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

## ਹੁਕਮ-

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਇਹਨਾਂ ਹੁਕਮਾਂ ਵਿੱਚ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਰਫਿਊ ਦੌਰਾਨ ਇਸ ਦਫਤਰ ਦੇ ਪੱਤਰ ਨੰ 5643-50/ਐਮ.ਸੀ-4/ਐਮ.ਏ ਮਿਤੀ 08-04-2020 ਰਾਂਹੀ ਕੰਬਾਈਨਾਂ ਅਤੇ ਟਰੈਕਟਰਾਂ ਦੇ ਸਪੇਅਰ ਪਾਰਟਸ ਦੀਆਂ ਦੀਆਂ ਦੁਕਾਨਾਂ ਨੂੰ ਛੋਟ ਦਿੱਤੀ ਗਈ ਸੀ। ਜਿਸ ਵਿੱਚ ਅੰਸ਼ਿਕ ਸੋਧ ਕਰਕੇ ਹੇਠ ਲਿਖੇ ਅਨੁਸਾਰ ਸਪਸ਼ਟੀਕਰਨ ਜਾਰੀ ਕੀਤੇ ਜਾਂਦੇ ਹਨ:-

1. ਸਮੂਹ ਕੰਬਾਇਨਾਂ ਕਟਾਈ ਦੇ ਸੀਜਨ ਦੌਰਾਨ ਸਵੇਰੇ 06:00 ਵਜੇ ਤੋਂ ਸ਼ਾਮ ਦੇ 07:00 ਵੱਜੇ ਤੱਕ ਖੇਤ੍ਹਾਂ ਵਿੱਚ ਕਟਾਈ ਕਰ ਸਕਦੀਆਂ ਹਨ ਅਤੇ ਇਹਨਾ ਨੂੰ ਕਰਫਿਊ ਪਾਸ ਦੀ ਜਰੂਰਤ ਨਹੀਂ ਹੋਵੇਗੀ। ਸੜਕਾਂ ਤੇ ਕੰਬਾਇਨਾਂ 24 ਘੰਟੇ ਚੱਲ ਸਕਦੀਆਂ ਹਨ ਅਤੇ ਇਹਨਾਂ ਨੂੰ ਪੂਰੇ ਜਿਲ੍ਹਾ ਜਲੰਧਰ ਵਿੱਚ ਕਿਸੇ ਵੀ ਕਿਸਮ ਦੇ ਕਰਫਿਊ ਪਾਸ ਦੀ ਲੋੜ ਨਹੀਂ ਹੋਵੇਗੀ। ਜੇਕਰ ਦੂਜੇ ਜਿਲ੍ਹੇ ਜਾਂ ਰਾਜਾਂ ਤੋਂ ਕੋਈ ਕੰਬਾਇਨ ਜਲੰਧਰ ਜਿਲ੍ਹੇ ਦੀ ਹਦੂਦ ਅੰਦਰ ਆਉਣਾ ਚਾਹੁੰਦੀ ਹੈ ਜਾਂ ਬਾਹਰ ਜਾਣਾ ਚਾਹੁੰਦੀ ਹੈ ਤਾਂ ਉਸਨੂੰ ਕਿਸੇ ਕਰਫਿਊ ਪਾਸ ਦੀ ਲੋੜ ਨਹੀਂ ਹੋਵੇਗੀ। ਇੱਕ ਮਸ਼ੀਨ ਉਪਰ ਜੋ ਵੀ ਸਟਾਫ ਅਤੇ ਡਰਾਇਵਰ ਹੋਵੇਗਾ ਉਹ ਮੂੰਹ ਤੇ ਮਾਸਕ ਪਾ ਕੇ ਰਖੇਗਾ ਜਾਂ ਕਪੜਾ ਬਨ੍ਹ ਕੇ ਰਖੇਗਾ। ਕੰਬਾਇਨ ਮਾਲਕਾਂ ਵਲੋਂ ਸਮੇਂ-ਸਮੇਂ ਤੇ ਕੰਬਾਇਨਾਂ ਉਪਰ ਛਿੜਕਾਅ ਕਰਕੇ ਕਿਟਾਣੂ ਰਹਿਤ ਕੀਤਾ ਜਾਵੇਗਾ।
2. ਕੰਬਾਇਨਾਂ ਅਤੇ ਟਰੈਕਟਰਾਂ ਦੇ ਸਪੇਅਰ ਪਾਰਟਸ ਦੀਆਂ ਦੁਕਾਨਾਂ ਸਵੇਰੇ 05.00 ਵਜੇ ਤੋਂ 08.00 ਵਜੇ ਤੱਕ ਹੀ ਖੁੱਲਣਗੀਆਂ।
3. ਕੰਬਾਇਨਾਂ ਅਤੇ ਟਰੈਕਟਰਾਂ ਦੀਆਂ ਵਰਕਸ਼ਾਪਾਂ ਸਵੇਰੇ 05.00 ਵਜੇ ਤੋਂ 08.00 ਵਜੇ ਤੱਕ ਖੁੱਲਣਗੀਆਂ। ਕੰਬਾਇਨਾ ਅਤੇ ਟਰੈਕਟਰਾਂ ਦੀ ਮੁਰੰਮਤ ਵਰਕਸ਼ਾਪ ਦੇ ਅੰਦਰ ਹੀ ਕੀਤੀ ਜਾਵੇਗੀ ਅਤੇ ਇਸ ਦੀ ਡਲੀਵਰੀ ਸ਼ਾਮ 04.00 ਵਜੇ ਤੋਂ 06.00 ਵਜੇ ਦੌਰਾਨ ਹੀ ਕੀਤੀ ਜਾਵੇਗੀ।
4. ਕੰਬਾਇਨਾਂ ਅਤੇ ਟਰੈਕਟਰ ਵਰਕਸ਼ਾਪਾਂ ਦੇ ਮਾਲਕ ਅਤੇ ਸਪੇਅਰ ਪਾਰਟ ਦੀਆਂ ਦੁਕਾਨਾਂ ਦੇ ਮਾਲਕ ਸੁਨਿਸ਼ਚਿਤ ਕਰਨਗੇ ਕਿ ਕਰੋਨਾ ਵਾਇਰਸ ਦੀ ਰੋਕਥਾਮ ਲਈ ਭਾਰਤ ਸਰਕਾਰ/ਪੰਜਾਬ ਸਰਕਾਰ/ਨਿਮਨਹਸਤਾਖਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਜਿਵੇਂ ਮਾਸਕ ਅਤੇ ਸੈਨੇਟਾਇਜਰ ਦੀ ਵਰਤੋਂ ਆਦਿ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਉਹ ਕੰਮ ਕਰਦੇ ਸਮੇਂ ਆਪਸ ਵਿੱਚ ਸਮਾਜਿਕ ਦੂਰੀ (1.5 ਤੋਂ 2 ਮੀਟਰ) ਬਣਾਈ ਰੱਖਣੀ ਵੀ ਯਕੀਨੀ ਬਨਾਉਣਗੇ। ਉਕਤ ਸਾਰੀਆਂ ਹਦਾਇਤਾਂ ਲਾਗੂ ਕਰਵਾਉਣ ਦੀ ਜਿੰਮੇਵਾਰੀ ਮੁੱਖ ਖੇਤੀ ਬਾੜੀ ਅਫਸਰ, ਜਲੰਧਰ ਦੀ ਹੋਵੇਗੀ ਅਤੇ ਸੁਰੱਖਿਆ ਦੇ ਸਾਰੇ ਪ੍ਰਬੰਧ ਕਮਿਸ਼ਨਰ ਆਫ ਪੁਲਿਸ, ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ ਵੱਲੋਂ ਕੀਤੇ ਜਾਣਗੇ।
5. ਕੰਬਾਇਨਾਂ ਅਤੇ ਟਰੈਕਟਰਾਂ ਦੇ ਸਪੇਅਰ ਪਾਰਟਸ ਦੀ ਸਪਲਾਈ ਲਈ ਮੂਵਮੈਂਟ ਪਾਸ ਆਨਲਾਈਨ ਲਿੰਕ https://epasscovid19.pais.net.in/ ਤੋਂ ਬਣਵਾਏ ਜਾ ਸਕਦੇ ਹਨ। ਕੰਬਾਇਨਾਂ ਅਤੇ ਟਰੈਕਟਰ ਸਪੇਅਰ ਪਾਰਟਸ ਦੀਆਂ ਦੁਕਾਨਾਂ ਅਤੇ ਵਰਕਸ਼ਾਪਾਂ ਨੂੰ ਆਨਲਾਈਨ ਕਰਫਿਊ ਪਾਸ ਮੁੱਖ ਖੇਤੀ ਬਾੜੀ ਅਫਸਰ, ਜਲੰਧਰ ਵੱਲੋਂ ਜਾਰੀ ਕੀਤੇ ਜਾਣਗੇ। ਜੇਕਰ ਆਨਲਾਈਨ ਪਾਸ ਮੰਨਜ਼ੂਰ ਕਰਵਾਉਣ ਵਿੱਚ ਕਿਸੇ ਕਿਸਮ ਦੀ ਦਿੱਕਤ ਹੋਵੇ ਤਾਂ ਇਸ ਸਬੰਧੀ ਸ੍ਰੀ ਸੁਰਿੰਦਰ ਸਿੰਘ, ਮੁੱਖ ਖੇਤੀ ਬਾੜੀ ਅਫਸਰ, ਜਲੰਧਰ ਫੋਨ 98159-72507 ਨਾਲ ਸੰਪਰਕ ਕੀਤਾ ਜਾਵੇ। ਮੁੱਖ ਖੇਤੀ ਬਾੜੀ ਅਫਸਰ, ਜਲੰਧਰ ਆਨਲਾਈਨ ਕਰਫਿਊ ਪਾਸਾਂ ਸਬੰਧੀ ਸ੍ਰੀ ਹਰਦੀਪ ਸਿੰਘ, ਪੀ.ਸੀ.ਐਸ, ਸਹਾਇਕ ਕਮਿਸ਼ਨਰ (ਜ), ਜਲੰਧਰ ਨਾਲ ਤਾਲਮੇਲ ਕਰਕੇ ਲੋੜੀਂਦੇ ਆਨਲਾਈਨ ਕਰਫਿਊ ਪਾਂਸ ਮੰਜੂਰ ਕਰਵਾਉਣ ਲਈ ਪਾਬੰਦ ਹੋਣਗੇ।
6. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਤੂੜੀ ਬਣਾਉਣ ਵਾਲੇ ਰੀਪਰ ਦੀ ਰਿਪੇਅਰ ਜਾਂ ਸਪੇਅਰ ਪਾਰਟਸ ਦੀ ਲੋੜ ਹੋਵੇ ਤਾਂ ਇਨ੍ਹਾਂ ਲਈ ਸਪੇਅਰ ਪਾਰਟਸ ਦੀਆਂ ਦੁਕਾਨਾਂ ਸਵੇਰੇ 5 ਤੋਂ ਸਵੇਰੇ 8 ਵਜੇ ਤੱਕ ਖੋਲਣ ਦੇ ਆਦੇਸ਼ ਦਿੱਤੇ ਜਾਂਦੇ ਹਨ। ਇਸ ਸਬੰਧੀ ਸਪੇਅਰ ਪਾਰਟਸ ਦੀ ਸਪਲਾਈ ਲਈ ਮੂਵਮੈਂਟ ਪਾਸ ਆਨਲਾਈਨ ਲਿੰਕ https://epasscovid19.pais.net.in/ ਤੋਂ ਬਣਵਾਏ ਜਾ ਸਕਦੇ ਹਨ। ਸਪੇਅਰ ਪਾਰਟਸ ਦੀਆਂ ਦੁਕਾਨਾਂ ਅਤੇ ਵਰਕਸ਼ਾਪਾਂ ਨੂੰ ਆਨਲਾਈਨ ਕਰਫਿਊ ਪਾਸ ਮੁੱਖ ਖੇਤੀ ਬਾੜੀ ਅਫਸਰ, ਜਲੰਧਰ ਵੱਲੋਂ ਜਾਰੀ ਕੀਤੇ ਜਾਣਗੇ। ਜੇਕਰ ਆਨਲਾਈਨ ਪਾਸ ਮੰਨਜ਼ੂਰ ਕਰਵਾਉਣ ਵਿੱਚ ਕਿਸੇ ਕਿਸਮ ਦੀ ਦਿੱਕਤ ਹੋਵੇ ਤਾਂ ਇਸ ਸਬੰਧੀ ਸ੍ਰੀ ਸੁਰਿੰਦਰ ਸਿੰਘ, ਮੁੱਖ ਖੇਤੀਬਾੜੀ ਅਫਸਰ, ਜਲੰਧਰ ਫੋਨ 98159-72507 ਨਾਲ ਸੰਪਰਕ ਕੀਤਾ ਜਾਵੇ। ਮੁੱਖ ਖੇਤੀ ਬਾੜੀ ਅਫਸਰ, ਜਲੰਧਰ ਆਨਲਾਈਨ ਕਰਫਿਊ ਪਾਸਾਂ ਸਬੰਧੀ ਸਬੰਧਤ ਉਪ ਮੰਡਲ ਮੈਜਿਸਟਰੇਟ ਨਾਲ ਤਾਲਮੇਲ ਕਰਕੇ ਲੋੜੀਂਦੇ ਆਨਲਾਈਨ.ਕਰਫਿਊ ਪਾਸ ਮੰਨਜ਼ੂਰ ਕਰਵਾਉਣ ਲਈ ਪਾਬੰਦ ਹੋਣਗੇ।

Scanned with CamScanner

ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ..........................
Date ........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

7. ਤੂੜੀ ਢੋਣ ਵਾਲੀਆਂ ਟਰਾਲੀਆਂ ਨੇ ਜੇਕਰ ਸਟੇਟ ਹਾਈਵੇ ਜਾਂ ਮੇਨ ਹਾਈਵੇ ਤੇ ਆਉਣਾ ਹੋਵੇ ਜਾਂ ਜਲੰਧਰ ਜਿਲ੍ਹੇ ਤੋਂ ਬਾਹਰ ਕਿਸੇ ਦੂਜੇ ਸ਼ਹਿਰ ਜਾਣਾ ਹੋਵੇ ਤਾਂ ਇਹਨਾਂ ਵਲੋਂ ਆਨਲਾਇਨ ਪਾਸ ਅਪਲਾਈ ਕੀਤੇ ਜਾਣਗੇ। ਜੇਕਰ ਉਕਤ ਪਾਸ ਬਣਾਉਣ ਵੇਲੇ ਕੋਈ ਦਿਕਤ ਆਉਂਦੀ ਹੈ ਤਾਂ ਮੁੱਖ ਖੇਤੀਬਾੜੀ ਅਫਸਰ ਇਨ੍ਹਾਂ ਪਾਸਾਂ ਦੀ ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਮੰਜ਼ੂਰੀ ਦਵਾਉਣਗੇ। ਜੇਕਰ ਤੂੜੀ ਢੋਣ ਵਾਲੀਆਂ ਟਰਾਲੀਆਂ ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਹੀ ਪਿੰਡਾਂ ਦੀਆਂ ਲਿੰਕ ਰੋਡ ਤੇ ਚਲਦੀਆਂ ਹਨ ਜਾਂ ਖੇਤਾਂ ਤੋਂ ਪਿੰਡ ਦੀ ਹਦੂਦ ਅੰਦਰ ਰਹਿੰਦੀਆਂ ਹਨ ਤਾਂ ਉਸ ਲਈ ਕਿਸੇ ਵੀ ਕਰਫਿਊ ਪਾਸ ਦੀ ਲੋੜ ਨਹੀਂ ਹੋਵੇਗੀ ਅਤੇ ਉਨ੍ਹਾਂ ਨੂੰ ਕਿਸੇ ਵੀ ਨਾਕੇ ਉਤੇ ਰੋਕਿਆ ਨਹੀਂ ਜਾਵੇਗਾ।

ਕੇਂਦਰ ਅਤੇ ਰਾਜ ਸਰਕਾਰ ਵੱਲੋਂ ਕੋਵਿਡ-19 ਨੂੰ ਮਹਾਂਮਾਰੀ ਘੋਸ਼ਿਤ ਕਰਕੇ National Disaster Management Act, 2005 ਅਤੇ Epidemic Diseases Act, 1897 ਨੂੰ Invoke ਕੀਤਾ ਜਾ ਚੁੱਕਾ ਹੈ। ਇਸ ਲਈ ਇਹ ਆਰਡਰ ਲੋਕ ਹਿੱਤ ਨੂੰ ਧਿਆਨ ਵਿੱਚ ਰਖਦੇ ਹੋਏ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਪਾਸ ਕੀਤਾ ਜਾ ਰਿਹਾ ਹੈ।

ਜਿਲ੍ਹਾ ਮੈਜਿਸਟਰੇਟ,
ਜਲੰਧਰ।

ਪਿੱਠ ਅੰਕਣ ਨੰ.6041-60 /ਐਮ.ਸੀ.4/ਐਮ.ਏ ਮਿਤੀ- 15-04-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
4. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
5. ਕਮਿਸ਼ਨਰ ਨਗਰ ਨਿਗਮ, ਜਲੰਧਰ
6. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
7. ਮੁੱਖ ਖੇਤੀਬਾੜੀ ਅਫਸਰ, ਜਲੰਧਰ
8. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਜਲੰਧਰ
9. ਜਿਲ੍ਹਾ ਮੰਡੀ ਅਫਸਰ, ਜਲੰਧਰ
10. ਜਿਲ੍ਹਾ ਲੋਕ ਸੰਪਰਕ ਅਫਸਰ, ਜਲੰਧਰ
11. ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼)

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ। 15/4/20

Scanned with CamScanner